# ਕੀ ਤੁਸੀਂ 1990 ਤੋਂ ਬਾਅਦ ਵਿੱਚ ਕੈਨੇਡਾ ਆਏ ਸੀ?
# ਕੀ ਆਪਣੇ ਰੋਜ਼ਗਾਰ ਦੀ ਵਜ੍ਹਾ ਕਰ ਕੇ ਜ਼ਖਮੀ ਜਾਂ ਬਿਮਾਰ ਹੋਏ ਹੋ?

**ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ (Institute for Work & Health ) ਵੱਲੋਂ ਉਨ੍ਹਾਂ ਇੰਮੀਗ੍ਰੈਂਟਾਂ ਦੇ ਤਜਰਬਿਆਂ ਬਾਰੇ ਇੱਕ ਖੋਜ ਕੀਤੀ ਜਾ ਰਹੀ ਹੈ ਜਿਹੜੇ ਰੋਜ਼ਗਾਰ ਦੀ ਵਜ੍ਹਾ ਕਰ ਕੇ ਜ਼ਖਮੀ ਜਾਂ ਬਿਮਾਰ ਹੋਏ ਰਹੇ ਹੋਣ।** ਸਾਨੂੰ ਉਮੀਦ ਹੈ ਕਿ ਇਸ ਇਹ ਖੋਜ ਕਾਮਿਆਂ ਦੀ ਸਿਹਤ ਅਤੇ ਹਿਫਾਜ਼ਤ ਦੇ, ਅਤੇ ਰੋਜ਼ਗਾਰ ਦੀ ਵਜ੍ਹਾ ਕਰ ਕੇ ਜ਼ਖਮੀ ਜਾਂ ਬਿਮਾਰ ਹੋਣ ਵਾਲਿਆਂ ਦੀ ਮਦਦ ਕਰਨ ਦੇ, ਰਾਹ ਦਰਸਾਏਗੀ।

ਜੇ ਤੁਸੀਂ ਆਪਣੇ ਰੋਜ਼ਗਾਰ ਕਰ ਕੇ ਜ਼ਖਮੀ ਜਾਂ ਬਿਮਾਰ ਹੋਏ ਹੋ ਤਾਂ ਅਸੀਂ ਜਾਣਨਾ ਚਾਹਾਂਗੇ ਕਿ ਹੇਠ ਲਿਖੇ ਵਰਗੇ ਮੁੱਦਿਆਂ ਬਾਰੇ ਤੁਹਾਡੀ ਕੀ ਰਾਇ ਹੈ:

- ਕੰਮ ਵਾਲੀ ਥਾਂ ’ਤੇ ਤੁਹਾਡੇ ਕੀ ਹੱਕ ਹਨ
- ਆਪਣੇ ਬੌਸ ਜਾਂ ਆਪਣੇ ਡਾਕਟਰ ਨੂੰ ਇਹ ਦੱਸੀਏ (ਜਾਂ ਨਾ ਦੱਸੀਏ) ਕਿ ਕੰਮ ’ਤੇ ਤੁਹਾਡੇ ਸੱਟ ਲੱਗੀ ਹੈ ਜਾਂ ਕੰਮ ਦੀ ਵਜ੍ਹਾ ਨਾਲ ਤੁਸੀਂ ਬਿਮਾਰ ਹੋਏ ਹੋ
- ਕਾਮਿਆਂ ਲਈ ਮੁਆਵਜ਼ੇ ਬਾਰੇ ਤੁਹਾਡਾ ਤਜਰਬਾ
- ਡਾਕਟਰ ਕੋਲ ਜਾਂ ਹਸਪਤਾਲ ਜਾਣਾ
- ਆਪਣੀ ਸੱਟ-ਫੇਟ ਜਾਂ ਬਿਮਾਰੀ ਬਾਰੇ ਮਦਦ ਜਾਂ ਜਾਣਕਾਰੀ ਤੁਸੀਂ ਕਿਵੇਂ ਅਤੇ ਕਿੱਥੋਂ ਹਾਸਲ ਕੀਤੀ
- ਰੋਜ਼ਗਾਰ ਨਾਲ ਸੰਬੰਧਤ ਤੁਹਾਡੀ ਸੱਟ ਜਾਂ ਬਿਮਾਰੀ ਨਾਲ ਤੁਹਾਡਾ ਪਰਿਵਾਰ ਕਿਵੇਂ ਪ੍ਰਭਾਵਿਤ ਹੋਇਆ ਹੈ

## ਕੀ ਹੋਵੇਗਾ ਜੇ ਮੈਂ ਹਿੱਸਾ ਲਵਾਂ?

ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ ਦੇ ਇੱਕ ਖੋਜਕਰਤਾ (ਅਤੇ ਇੱਕ ਅਨੁਵਾਦਕ, ਜੇ ਤੁਸੀਂ ਲੋੜ ਮਹਿਸੂਸ ਕਰੋਂ ਤਾਂ) ਵੱਲੋਂ ਤੁਹਾਡੀ ਸਹੂਲਤ ਮੁਤਾਬਕ ਮਿੱਥੇ ਸਮੇਂ ਅਤੇ ਜਗ੍ਹਾ ’ਤੇ ਭੇਤਦਾਰੀ ਤਹਿਤ ਤੁਹਾਡੇ ਨਾਲ ਇੰਟਰਵਿਊ ਕੀਤੀ ਜਾਵੇਗੀ। ਅਸੀਂ ਤੁਹਾਨੂੰ ਕੰਮ ਨਾਲ ਸੰਬੰਧਤ ਤੁਹਾਡੀ ਸੱਟ ਜਾਂ ਬਿਮਾਰੀ ਤੋਂ ਬਾਅਦ ਦੇ ਤੁਹਾਡੇ ਤਜਰਬਿਆਂ ਬਾਰੇ ਪੁੱਛਾਂਗੇ। ਸ਼ੁਕਰਾਨੇ ਵਜੋਂ ਅਸੀਂ ਤੁਹਾਨੂੰ 20 ਡਾਲਰ ਦਾ ਇੱਕ ਗਿਫ਼ਟ ਸਰਟੀਫਿਕੇਟ ਦਿਆਂਗੇ।

ਤੁਹਾਡੀ ਸਹਿਮਤੀ ਨਾਲ ਅਸੀਂ ਤੁਹਾਡੀ ਇੰਟਰਵਿਊ ਨੂੰ ਰਿਕਾਰਡ ਕਰ ਕੇ ਇਸ ਦੀ ਲਿਖ਼ਤ ਬਣਾਵਾਂਗੇ। ਜੇ ਤੁਸੀਂ ਚਾਹੋਂ ਤਾਂ ਬਾਅਦ ਵਿੱਚ ਅਸੀਂ ਖੋਜ ਦੇ ਨਤੀਜਿਆਂ ਦਾ ਤੁਹਾਡੇ ਕੋਲ ਖੁਲਾਸਾ ਵੀ ਕਰ ਸਕਦੇ ਹਾਂ।

## ਖੋਜ ਦੇ ਨਫ਼ੇ-ਨੁਕਸਾਨ ਕੀ ਹਨ?

**ਖ਼ਤਰੇ:** ਤੁਹਾਨੂੰ ਆਪਣੀ ਭੇਤਦਾਰੀ ਦਾ ਫਿਕਰ ਹੋ ਸਕਦਾ ਹੈ। ਅਸੀਂ ਤੁਹਾਨੂੰ ਯਕੀਨ ਦਿਵਾਉਣਾ ਚਾਹਾਂਗੇ ਕਿ ਕੋਈ ਵੀ ਗੱਲ ਜੋ ਤੁਸੀਂ ਸਾਨੂੰ ਦੱਸੋਗੇ, ਉਹ ਪਰਦੇ ਹੇਠ ਅਤੇ ਫ਼ਰਜ਼ੀ ਨਾਮ ਥੱਲੇ ਰਹੇਗੀ। ਸਿਰਫ਼ ਖੋਜ ਕਰਤਾਵਾਂ ਨੂੰ ਹੀ ਪਤਾ ਹੋਵੇਗਾ ਕਿ ਕਿਸ ਦੀ ਇੰਟਰਵਿਊ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਕੀ ਬਿਆਨ ਦਿੱਤਾ ਹੈ। ਜੇ ਤੁਹਾਡਾ ਦਿਲ ਨਾ ਕਰੇ ਤਾਂ ਤੁਸੀਂ ਭਾਵੇਂ ਕਿਸੇ ਵੀ ਸਵਾਲ ਦਾ ਜਵਾਬ ਨਾ ਦਿਉ ਅਤੇ ਕਿਸੇ ਵੀ ਵੇਲੇ ਤੁਸੀਂ ਖੋਜ ਵਿੱਚੋਂ ਆਪਣੀ ਮਰਜ਼ੀ ਨਾਲ ਬਾਹਰ ਹੋ ਸਕਦੇ ਹੋ।

**ਫਾਇਦੇ:** ਅਸੀਂ ਉਮੀਦ ਕਰਦੇ ਹਾਂ ਕਿ ਇਸ ਖੋਜ ਦਾ ਤਹਾਨੂੰ ਭਾਵੇਂ ਸਿੱਧਾ ਫਾਇਦਾ ਨਾ ਵੀ ਹੋਵੇ, ਪਰ ਖੋਜ ਦੇ ਨਤੀਜਿਆਂ ਨਾਲ ਪਰਵਾਸੀ ਕਾਮਿਆਂ ਦੀ ਹਿਫ਼ਾਜ਼ਤ ਅਤੇ ਤੰਦਰੁਸਤੀ ਯਕੀਨੀ ਬਣਾਉਣ ਵਾਲੀਆਂ ਸੇਵਾਵਾਂ, ਜਾਣਕਾਰੀ ਅਤੇ ਜ਼ਾਬਤੇ ਸੁਧਰ ਸਕਦੇ ਹਨ।

## ਜੇ ਖੋਜ ਬਾਰੇ ਮੈਨੂੰ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਜਾਂ ਮੈਂ ਕਿਸੇ ਸਵਾਲ ਦਾ ਜਵਾਬ ਚਾਹਾਂ ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

ਮਿਹਰਬਾਨੀ ਕਰ ਕੇ ਸਟੱਡੀ ਕੋਆਰਡੀਨੇਟਰ ਗੁਲ ਜੋਇਆ ਜਾਫਰੀ ਨਾਲ 416-927-2027, ਐਕਸਟੈਨਸ਼ਨ 2227 ਉੱਤੇ ਸੰਪਰਕ ਕਰੋ। ਤੁਸੀਂ ਉਨ੍ਹਾਂ ਨੂੰ gjafri@iwh.on.ca ਉੱਤੇ ਈਮੇਲ ਵੀ ਕਰ ਸਕਦੇ ਹੋ। ਤੁਸੀਂ http://www.iwh.on.ca/iw.php ਉੱਤੇ ਸਟੱਡੀ ਦੀ ਵੈੱਬਸਾਈਟ ਵੀ ਵੇਖ ਸਕਦੇ ਹੋ।

### ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ ਬਾਰੇ

ਇੰਸਟੀਚਿਊਟ ਫ਼ਾਰ ਵਰਕ ਐਂਡ ਹੈਲਥ (IWH) ਇੱਕ ਆਜ਼ਾਦ, ਗ਼ੈਰ-ਮੁਨਾਫਾ ਅਦਾਰਾ ਹੈ ਜਿਸ ਦਾ ਮਿਸ਼ਨ ਕੰਮ-ਕਾਜ ਵਾਲੇ ਲੋਕਾਂ ਦੀ ਸਿਹਤ ਦੀ ਹਿਫਾਜ਼ਤ ਅਤੇ ਸੁਧਾਰ ਲਈ ਕਾਮਿਆਂ, ਮਜ਼ਦੂਰਾਂ, ਰੋਜ਼ਗਾਰਦਾਤਾਵਾਂ, ਡਾਕਟਰਾਂ ਅਤੇ ਨੀਤੀਸਾਜ਼ਾਂ ਨਾਲ ਮਿਲ ਕੇ ਖੋਜ ਕਰਨਾ ਅਤੇ ਉਨ੍ਹਾਂ ਨਾਲ ਰਾਇ ਸਾਂਝੀ ਕਰਨਾ ਹੈ। ਹੋਰ ਜਾਣਕਾਰੀ ਲਈ www.iwh.on.ca ਵਿਖੇ ਸਾਡੀ ਵੈੱਬਸਾਈਟ ਵੇਖੋ ਜੀ।

### ਮੁੱਖ ਖੋਜਕਰਤਾ ਬਾਰੇ

ਐਗਨੀਜ਼ਕਾ ਕੋਜ਼ਨੀ ਇਸ ਖੋਜ ਦੇ ਮੁੱਖ ਖੋਜੀ ਹਨ। ਉਨ੍ਹਾਂ ਨੇ ਪਬਲਿਕ ਹੈਲਥ ਸਾਇੰਸਿਜ਼ ਵਿੱਚ ਪੀ.ਐੱਚ.ਡੀ. ਕੀਤੀ ਹੈ ਅਤੇ ਉਹ ਐਸੋਸੀਏਟ ਸਾਇੰਟਿਸਟ ਹਨ। ਖੋਜ ਬਾਰੇ ਆਪਣੇ ਸਵਾਲਾਂ ਤੇ ਟਿੱਪਣੀਆਂ ਲਈ ਤੁਸੀਂ ਉਨ੍ਹਾਂ ਨਾਲ ਕਦੇ ਵੀ ਸੰਪਰਕ ਕਰ ਸਕਦੇ ਹੋ। ਉਨ੍ਹਾਂ ਦਾ ਫ਼ੋਨ ਨੰਬਰ 416-927-2027, ਐਕਸਟੈਨਸ਼ਨ 2167, ਅਤੇ ਈਮੇਲ ਪਤਾ akosny@iwh.on.ca ਹੈ।

ਇਸ ਪ੍ਰਾਜੈਕਟ ਨੂੰ ਮੈਕਮਾਸਟਰ ਰੀਸਰਚ ਐਥਿਕਸ ਬੋਰਡ ਸੈਕਟਰੀਏਟ (McMaster Research Ethics Board Secretariat), ਮਾਰਫਤ ਆਫਿਸ ਆਫ਼ ਰੀਸਰਚ ਐਥਿਕਸ, ਐਕਸਟੈਨਸ਼ਨ 23142, ਵੱਲੋਂ ਮਾਨਤਾ ਮਿਲੀ ਹੈ। ਈਮੇਲ ਪਤਾ ethicsoffice@mcmaster.ca ਹੈ।

Institute for Work & Health